GOVERNMENT OF WESTERN AUSTRALIA

PathWest LABORATORY MEDICINE WA

# ਗਰੁੱਪ ਬੀ ਸਟ੍ਰੈਪਟੋਕੋਕਸ (GBS) ਦੀ ਪਹਿਚਾਣ ਲਈ ਜਣਨ ਅੰਗਾਂ ਦਾ ਸਵੈਬ (ਰੂੰ ਦੇ ਫ਼ੰਬੇ) ਰਾਹੀਂ ਨਮੂਨਾ ਲੈਣਾ




ਬੁਕਿੰਗ ਕਰਵਾਉਣ ਦੀ ਲੋੜ ਨਹੀਂ ਹੈ

Punjabi | ਪੰਜਾਬੀ


ਜੇਕਰ ਤੁਸੀਂ ਘਰ ਵਿੱਚ ਨਮੂਨਾ ਲੈ ਰਹੇ ਹੋ, ਤਾਂ ਇਸਨੂੰ ਜਿੰਨੀ ਜਲਦੀ ਹੋ ਸਕੇ PathWest ਨਮੂਨਾ ਇਕੱਠਾ ਕਰਨ ਵਾਲੇ ਸੈਂਟਰ ਵਿੱਚ ਲੈ ਜਾਓ। ਜੇਕਰ ਤੁਰੰਤ ਡਿਲੀਵਰੀ ਸੰਭਵ ਨਹੀਂ ਹੈ, ਤਾਂ ਨਮੂਨੇ ਨੂੰ 24 ਘੰਟਿਆਂ ਤੱਕ ਫਰਿੱਜ (ਫ੍ਰੀਜ਼ਰ ਵਿੱਚ ਨਹੀਂ) ਵਿੱਚ ਸਟੋਰ ਕਰੋ, ਇਸਨੂੰ ਫਰਿੱਜ ਵਿੱਚ ਰੱਖਣ ਤੋਂ ਪਹਿਲਾਂ ਇੱਕ ਵਾਧੂ ਪਲਾਸਟਿਕ ਬੈਗ ਵਿੱਚ ਰੱਖੋ।

## ਆਪਣਾ ਨਮੂਨਾ ਕਿਵੇਂ ਲੈਣਾ ਹੈ?

1. ਆਪਣੇ ਡਾਕਟਰ ਜਾਂ ਨਜ਼ਦੀਕੀ PathWest ਨਮੂਨਾ ਇਕੱਠਾ ਕਰਨ ਵਾਲੇ ਸੈਂਟਰ ਤੋਂ ਇੱਕ ਸਵੈਬ ਲਓ ਅਤੇ ਸਵੈਬ ਵਾਲੀ ਟਿਊਬ ਉੱਪਰ ਆਪਣਾ **ਪੂਰਾ ਨਾਮ, ਜਨਮ ਮਿਤੀ, ਮਿਤੀ, ਨਮੂਨਾ ਇਕੱਠਾ ਦਾ ਸਮਾਂ** ਅਤੇ **"GBS" ਲਿਖੋ।**
2. ਆਪਣੇ ਨਮੂਨੇ ਲੈਣ ਤੋਂ ਪਹਿਲਾਂ ਆਪਣੇ ਹੱਥਾਂ ਨੂੰ ਸਾਬਣ ਅਤੇ ਪਾਣੀ ਨਾਲ ਧੋਵੋ ਅਤੇ ਸੁਕਾਓ।
3. ਸਵੈਬ ਵਾਲੇ ਪੈਕੇਜ ਨੂੰ ਸਾਵਧਾਨੀ ਨਾਲ ਖੋਲ੍ਹੋ, ਇਹ ਯਕੀਨੀ ਬਣਾਓ ਕਿ ਫ਼ੰਬੇ ਦੇ ਰੂੰ ਵਾਲੇ ਸਿਰੇ ਨੂੰ ਨਾ ਛੂਹੋ, ਅਤੇ ਇੱਕ ਆਰਾਮਦਾਇਕ ਸਥਿਤੀ ਵਿੱਚ ਹੋ ਜਾਓ।
4. ਲੈਬੀਆ ਨੂੰ ਵੱਖ ਕਰੋ ਅਤੇ ਹੌਲੀ-ਹੌਲੀ ਰੂੰ ਦੇ ਫ਼ੰਬੇ ਨੂੰ ਯੋਨੀ ਵਿੱਚ 2 ਸੈਂਟੀਮੀਟਰ (ਲਗਭਗ ਇੱਕ ਉਂਗਲ ਦੇ ਪੋਟੇ ਜਿੰਨ੍ਹੀ ਲੰਬਾਈ) ਤੱਕ ਪਾਓ। ਲੋੜੀਂਦੀ ਮਾਤਰਾ ਵਿੱਚ ਨਮੂਨਾ ਇਕੱਠਾ ਕਰਨ ਲਈ ਸਵੈਬ ਨੂੰ 30 ਸਕਿੰਟ ਲਈ ਹੌਲੀ-ਹੌਲੀ ਘੁੰਮਾਓ।




5. ਸਵੈਬ ਨੂੰ ਬਾਹਰ ਕੱਢੋ, ਫਿਰ ਇਸਨੂੰ ਮਲ-ਦੁਆਰ ਸਫਿੰਕਟਰ ਰਾਹੀਂ, ਗੁਦਾ ਵਿੱਚ 2 ਸੈਂਟੀਮੀਟਰ ਤੱਕ ਪਾਓ, ਸਵੈਬ ਨੂੰ ਹੌਲੀ-ਹੌਲੀ ਅਗਲੇ 10 ਸਕਿੰਟਾਂ ਲਈ ਘੁੰਮਾਓ।
6. ਸਵੈਬ ਨੂੰ ਬਾਹਰ ਕੱਢੋ, ਇਸ ਨੂੰ ਸਿੱਧੇ ਇਸਦੇ ਕੰਟੇਨਰ ਵਿੱਚ ਪਾ ਦਿਓ ਅਤੇ ਆਪਣੇ ਹੱਥ ਧੋਵੋ।
7. ਕੰਟੇਨਰ ਨੂੰ ਤੁਹਾਨੂੰ ਦਿੱਤੇ ਗਏ ਪਲਾਸਟਿਕ ਬੈਗ ਵਿੱਚ ਪਾ ਦਿਓ ਅਤੇ ਜੇਕਰ ਤੁਸੀਂ ਨਮੂਨਾ ਇਕੱਠਾ ਕਰਨ ਵਾਲੇ ਸੈਂਟਰ ਵਿੱਚ ਹੋ ਤਾਂ ਇਸਨੂੰ PathWest ਕਰਮਚਾਰੀ ਨੂੰ ਸੌਂਪ ਦਿਓ।




ਬੇਦਾਅਵਾ: ਇਹ ਪ੍ਰਕਾਸ਼ਨ ਆਮ ਸਿੱਖਿਆ ਅਤੇ ਜਾਣਕਾਰੀ ਦੇ ਉਦੇਸ਼ਾਂ ਲਈ ਹੈ। ਕਿਸੇ ਵੀ ਕਿਸਮ ਦੀ ਡਾਕਟਰੀ ਸਲਾਹ ਦੀ ਲੋੜ ਲਈ ਕਿਸੇ ਯੋਗਤਾ ਪ੍ਰਾਪਤ ਸਿਹਤ-ਸੰਭਾਲ ਪੇਸ਼ੇਵਰ ਨਾਲ ਸੰਪਰਕ ਕਰੋ।

© State of Western Australia, PathWest Laboratory Medicine WA 2024